# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ,ਪੰਜਾਬ
# ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਐਸ.ਸੀ.ਓ.ਨੰ:104-106, ਦੂਜੀ ਅਤੇ ਤੀਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ।

ਵੱਲ

1. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)।
2. ਸਮੂਹ ਸਕੂਲ ਮੁੱਖੀ (ਵੈੱਬ-ਸਾਈਟ ਰਾਹੀਂ)।

ਮੀਮੋ ਨੰ:ਸਸਅ/ਐਮਸੀ/2011/978-998
ਮਿਤੀ,ਚੰਡੀਗੜ੍ਹ 06-01-2011

ਵਿਸ਼ਾ :- ਮਹੀਨਾਵਾਰ ਟੈਸਟ ਜ਼ੀਰੋ ਪੀਰੀਅਡ ਵਿੱਚ ਲੈਣ ਸਬੰਧੀ।

ਹਵਾਲਾ :- ਇਸ ਦਫ਼ਤਰ ਦੇ ਪੱਤਰ ਨੰ: ਡਿ.ਐਸ.ਪੀ.ਡੀ./ਆਰ.ਐਮ.ਐਸ.ਏ./2010/**R055610-611** ਮਿਤੀ,ਚੰਡੀਗੜ੍ਹ 06-12-2010 ਦੀ ਲਗਾਤਾਰਤਾ ਵਿੱਚ।

1.0 ਉਪਰੋਕਤ ਹਵਾਲਾ ਅਧੀਨ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਸਮੇਂ ਸਮੇਂ ਤੇ ਫੀਲਡ ਵਿੱਚੋਂ ਆਈ ਮੰਗ ਨੂੰ ਮੱਦੇ ਨਜ਼ਰ ਰੱਖਦਿਆਂ ਹੋਇਆਂ ਮਹੀਨਾਵਾਰ ਟੈਸਟ ਜੋ ਜ਼ੀਰੋ ਪੀਰੀਅਡ ਦੌਰਾਨ ਲਏ ਜਾਂਦੇ ਹਨ, ਉਸ ਲਈ ਗਰਮੀਆਂ ਅਤੇ ਸਰਦੀਆਂ ਦੌਰਾਨ ਮਹੀਨਾਵਾਰ ਪੇਪਰ ਵਾਲੇ ਦਿਨ ਦੀ ਜ਼ੀਰੋ ਪੀਰੀਅਡ ਦੀ ਸਮਾਂ ਸਾਰਣੀ ਜਾਰੀ ਕੀਤੀ ਜਾਂਦੀ ਹੈ :-

2.1 ਸਰਦੀਆਂ ਵਿੱਚ ਮਹੀਨਾਵਾਰ ਟੈਸਟ ਜ਼ੀਰੋ ਪੀਰੀਅਡ ਦੌਰਾਨ ਲੈਣ ਲਈ (ਮਿਤੀ 01 ਅਕਤੂਬਰ ਤੋਂ 31 ਮਾਰਚ ਤੱਕ) ਦਾ ਪੀਰੀਅਡਾਂ ਦਾ ਸਮਾਂ ਨਿਮਨਲਿਖਤ ਅਨੁਸਾਰ ਹੋਵੇਗਾ।

| ਲੜੀ ਨੰ: | ਪੀਰੀਅਡ | ਸਮਾਂ |
|---|---|---|
| 1. | ਪ੍ਰਾਰਥਨਾ | 9:00 ਤੋਂ 9:20 ਤੱਕ |
| 2. | ਜ਼ੀਰੋ | 9:20 ਤੋਂ 10:00 ਤੱਕ |
| 3. | ਪਹਿਲਾ | 10:00 ਤੋਂ 10:35 ਤੱਕ |
| 4. | ਦੂਜਾ | 10:35 ਤੋਂ 11:10 ਤੱਕ |
| 5. | ਤੀਜਾ | 11:10 ਤੋਂ 11:45 ਤੱਕ |

ਚਲਦਾ ਪੰਨਾ..........

| | | |
|---|---|---|
| 6. | ਚੌਥਾ | 11:45 ਤੋਂ 12:20 ਤੱਕ |
| 7. | ਪੰਜਵਾਂ | 12:20 ਤੋਂ 12:55 ਤੱਕ |
| 8. | ਅੱਧੀ ਛੁੱਟੀ | 12:55 ਤੋਂ 1.30 ਤੱਕ |
| 9. | ਛੇਵਾਂ | 1:30 ਤੋਂ 2:05 ਤੱਕ |
| 10. | ਸੱਤਵਾਂ | 2:05 ਤੋਂ 2:40 ਤੱਕ |
| 11. | ਅੱਠਵਾਂ | 2.40 ਤੋਂ 3:15 ਤੱਕ |
| 12. | ਰਾਸ਼ਟਰੀ ਗਾਣ | 3:15 ਤੋਂ 3:20 ਤੱਕ |

2.2 ਗਰਮੀਆਂ ਵਿੱਚ ਮਹੀਨਾਵਾਰ ਟੈਸਟ ਜ਼ੀਰੋ ਪੀਰੀਅਡ ਲੈਣ ਲਈ ਮਿਤੀ (01 ਅਪ੍ਰੈਲ ਤੋਂ 30 ਸਤੰਬਰ ਤੱਕ) ਦਾ ਪੀਰੀਅਡਾਂ ਦਾ ਸਮਾਂ ਨਿਮਨਲਿਖਤ ਅਨੁਸਾਰ ਹੋਵੇਗਾ।

| ਲੜੀ ਨੰ: | ਪੀਰੀਅਡ | ਸਮਾਂ |
|---|---|---|
| 1. | ਪ੍ਰਾਰਥਨਾ | 8:00 ਤੋਂ 8:15 ਤੱਕ |
| 2. | ਜ਼ੀਰੋ | 8:15 ਤੋਂ 8:55 ਤੱਕ |
| 3. | ਪਹਿਲਾ | 8:55 ਤੋਂ 9:30 ਤੱਕ |
| 4. | ਦੂਜਾ | 9:30 ਤੋਂ 10:05 ਤੱਕ |
| 5. | ਤੀਜਾ | 10:05 ਤੋਂ 10:40 ਤੱਕ |
| 6. | ਚੌਥਾ | 10:40 ਤੋਂ 11:15 ਤੱਕ |
| 7. | ਪੰਜਵਾਂ | 11:15 ਤੋਂ 11:50 ਤੱਕ |
| 8. | ਅੱਧੀ ਛੁੱਟੀ | 11:50 ਤੋਂ 12.15 ਤੱਕ |
| 9. | ਛੇਵਾਂ | 12:15 ਤੋਂ 12:50 ਤੱਕ |
| 10. | ਸੱਤਵਾਂ | 12:50 ਤੋਂ 1:25 ਤੱਕ |
| 11. | ਅੱਠਵਾਂ | 1.25 ਤੋਂ 2:00 ਤੱਕ |

3.0 ਇੱਥੇ ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਵਿੱਦਿਅਕ ਕੈਲੰਡਰ ਮੁਤਾਬਿਕ ਮਹੀਨਾਵਾਰ ਟੈਸਟ ਸੈਸ਼ਨ 2010-11 ਲਈ ਮਈ, ਜੁਲਾਈ, ਅਗਸਤ, ਨਵੰਬਰ ਅਤੇ ਜਨਵਰੀ (ਸਿਰਫ਼ ਨੌਵੀਂ ਅਤੇ ਦਸਵੀਂ ਜਮਾਤਾਂ) ਅਤੇ ਫਰਵਰੀ ਮਹੀਨਿਆਂ ਵਿੱਚ ਲਏ ਜਾਂਦੇ ਹਨ ਅਤੇ ਇਹ ਟੈਸਟ ਮਹੀਨੇ ਦੇ ਪਹਿਲੇ ਹਫ਼ਤੇ ਦੇ ਲਗਾਤਾਰ ਕੰਮ ਵਾਲੇ ਛੇ ਦਿਨਾਂ ਵਿੱਚ ਲਏ ਜਾਂਦੇ ਹਨ। ਜ਼ੀਰੋ ਪੀਰੀਅਡ ਸਿਰਫ਼ ਉਕਤ ਦਿਨਾਂ ਵਾਸਤੇ ਹੀ ਲਾਗੂ ਹੋਵੇਗਾ ਬਾਕੀ ਦੇ ਦਿਨਾਂ ਲਈ ਸਕੂਲ ਦੀ ਸਮਾਂਸਾਰਣੀ ਵਿੱਚ ਕੋਈ ਤਬਦੀਲੀ ਨਹੀਂ ਹੋਵੇਗੀ ਸਾਰੇ ਪੀਰੀਅਡ ਆਮ ਸਮੇਂ ਦੇ ਦੌਰਾਨ ਹੋਣਗੇ।

ਚਲਦਾ ਪੰਨਾ.........

4.0 ਆਪ ਜੀ ਦੀ ਜਾਣਕਾਰੀ ਲਈ ਦੱਸਿਆ ਜਾਂਦਾ ਹੈ ਕਿ ਸਤੰਬਰ, ਦਸੰਬਰ ਅਤੇ ਮਾਰਚ ਮਹੀਨਿਆਂ ਵਿੱਚ ਹੋਣ ਵਾਲੀ ਪ੍ਰੀਖਿਆ ਛੇਵੀਂ ਤੋਂ ਅੱਠਵੀਂ ਜਮਾਤਾਂ ਦੀ ਟਰਮੀਨਲ ਅਤੇ ਨੌਵੀਂ, ਦਸਵੀਂ ਜਮਾਤਾਂ ਦੀ ਸਮੈਸਟਰ ਪ੍ਰੀਖਿਆ ਲਈ ਵਿਸ਼ੇਸ਼ ਦਿਨ ਅਤੇ ਸਮਾਂ ਨਿਸ਼ਚਿਤ ਕੀਤਾ ਜਾਂਦਾ ਹੈ।

3.0 ਉਪਰੋਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ,ਚੰਡੀਗੜ੍ਹ

ਪਿੱ.ਅੰ.ਨੰ:ਸਸਅ/ਐਮਸੀ/2010/ ਮਿਤੀ,ਚੰਡੀਗੜ੍ਹ

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1. ਏ.ਐਸ.ਪੀ.ਡੀ.(ਐਜੂ-ਸੈਟ)

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ,ਚੰਡੀਗੜ੍ਹ